دفتر مجلس انصار اللہ بھارت

**Office Of The Majlis Ansarullah Bharat**

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

- **ਜੰਗੇ ਬਦਰ ਦੇ ਹਵਾਲੇ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਦਾ ਜ਼ਿਕਰ**
- **ਮਿਡਲ ਈਸਟ ਵਿਚੱ ਵਿਸ਼ਵ ਯੁਧੱ ਵਾਲੇ ਹਾਲਾਤ, ਖ਼ਾਸ ਦੁਆਵਾਂ ਦੀ ਤਹਰੀਕ**

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਾਆਲਾ ਬਿਨਸਰਹਿਲ ਅਜ਼ੀਜ਼, 10 ਨਵੰਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَ إِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਦੇ ਹਵਾਲੇ ਨਾਲ ਬਦਰ ਦੇ ਬਿਲਕੁਲੱ ਬਾਦ ਦਾ ਮੈਂ ਜ਼ਿਕਰ ਕਰ ਰਿਹਾ ਸੀ। ਇਸ ਹਵਾਲੇ ਨਾਲ ਦੋ ਹਿਜਰੀ ਦੇ ਕਿਸਿੱਆਂ ਵਿਚੱ ਇਕੱ ਜਨੱਤੁਲ ਬਕੀਅ ਦੀ ਸਥਾਪਨਾ ਦਾ ਜ਼ਿਕਰ ਹੈ। ਇਸ ਦਾ ਵਿਸਥਾਰ ਇਹ ਹੈ ਕਿ ਮਦੀਨਾ ਵਿਚੱ ਯਹੂਦੀਆਂ ਅਤੇ ਹੋਰ ਕਬੀਲੀਆਂ ਦੇ ਆਪਣੇ ਆਪਣੇ ਕਬਰਸਤਾਨ ਸਨ। ਜਦੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਮਦੀਨਾ ਪਹੁੰਚੇ ਤਾਂ ਮੁਸਲਮਾਨਾਂ ਲਈ ਵੱਖਰੇ ਕਬਰਸਤਾਨਾਂ ਦੀ ਲੋੜ੍ਹ ਮਹਿਸੂਸ ਹੋਈ। ਸੋ, ਬਕੀ-ਉਲੱ-ਗ਼ਰਕਦ ਦੇ ਕਬਰਸਤਾਨ ਨੂੰ ਮੁਸਲਮਾਨਾਂ ਲਈ ਚੁਣਿਆ ਗਿਆ। ਬਕੀਅ ਅਰਬੀ ਵਿਚੱ ਅਜਿਹੀ ਥਾਂ ਨੂੰ ਕਹਿੰਦੇ ਹਨ ਜਿੱਥੇ ਬਹੁਤ ਦਰਖਤ ਹੋਣ। ਇਸ ਕਬਰਸਤਾਨ ਨੂੰ ਜਨੱਤੁਲੱ ਬਕੀਅ ਵੀ ਕਿਹਾ ਜਾਂਦਾ ਹੈ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ ਬਿਆਨ ਫ਼ਰਮਾਉਂਦੇ ਹਨ ਕਿ ਦੋ ਹਿਜਰੀ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਮੁਸਲਮਾਨਾਂ ਲਈ ਇਕੱ ਮਕਬਰਾ ਚੁਣਿਆ। ਜਿਸ ਨੂੰ ਜਨੱਤੁਲੱ ਬਕੀਅ ਕਹਿੰਦੇ ਹਨ। ਸਭ ਤੋਂ ਪਹਿਲਾਂ ਜੋ ਇਸ ਮਕਬਰਾ ਵਿਚੱ ਦਫ਼ਨ ਹੋਏ ਸਨ। ਉਹ ਉਸਮਾਨ ਬਿਨ ਮਜ਼ਊਨ ਰਜ਼ੀ ਅੱਲਾਹ ਅੰਨਹੋ ਸਨ। ਆਪ ਰਜ਼ੀ ਅੱਲਾਹ ਅੰਨਹੋ ਬਹੁਤ ਨੇਕ ਅਤੇ ਇਬਾਦਤ ਕਰਨ ਵਾਲੇ ਅਤੇ ਸੂਫ਼ੀ ਆਦਮੀ ਸਨ। ਮੁਸਲਮਾਨ ਹੋਣ ਦੇ ਬਾਦ ਇਕੱ ਵਾਰ ਉਹਨਾਂ ਨੇ ਆਂਹਜ਼ਰਾਤ ਸਲੱਲਾਹੋ ਅਲੈਹਿ ਵਸਲੱਮ ਤੋਂ ਸਨਿਆਸੀ ਬਣ ਕੇ ਅਤੇ ਪਤਨੀ ਤੇ ਬਚਿੱਆਂ ਤੋਂ ਵਖੱ ਹੋ ਕੇ ਆਪਣਾ ਜੀਵਨ ਰੱਬੀ ਇਬਾਦਤ ਲਈ ਵਕਫ਼ ਕਰਨ ਦੀ ਆਗਿਆ ਮੰਗੀ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਤੁਹਾਨੂੰ ਚਾਹੀਦਾ ਹੈ ਕਿ ਰਬੱ ਦਾ ਹਕੱ ਰਬੱ ਨੂੰ ਦਿਓ। ਪਤਨੀ ਤੇ ਬਚਿੱਆ ਦਾ ਹਕੱ ਪਤਨੀ ਤੇ ਬਚਿੱਆਂ ਨੂੰ ਦਿਓ। ਮਹਿਮਾਨ ਦਾ ਹਕੱ ਮਹਿਮਾਨ ਨੂੰ ਦਿਓ ਅਤੇ ਆਪਣੇ ਨਫ਼ਸ ਦਾ ਹਕੱ ਆਪਣੇ ਨਫ਼ਸ ਨੂੰ ਦਿਓ। ਕਿਉਂਕਿ ਇਹ ਸਾਰੇ ਰਬੱ ਦੇ ਤੈਅ ਹਕੱ ਹਨ ਅਤੇ ਉਹਨਾਂ ਦੀ ਅਦਾਇਗੀ ਇਬਾਦਤ ਵਿਚੱ ਦਾਖ਼ਲ ਹੈ। ਅਰਥਾਤ ਹੱਕਾਂ ਦੀ ਅਦਾਇਗੀ ਵੀ ਇਬਾਦਤ ਵਿਚੱ ਦਾਖ਼ਲ ਹੈ। ਸੋ, ਆਪ ਸਲੱਲਾਹੋ ਅਲੈਹਿ ਵਸਲੱਮ ਨੇ ਉਸਮਾਨ ਬਿਨ ਮਜ਼ਊਨ ਰਜ਼ੀ ਅੱਲਾਹ ਅੰਨਹੋ ਨੂੰ ਸਨਿਆਸ ਦੀ ਆਗਿਆ ਨਹੀਂ ਦਿੱਤੀ ਅਤੇ ਇਸਲਾਮ ਵਿਚੱ ਸਨਿਆਸ ਨੂੰ ਅਯੋਗ ਕਰਾਰ ਦੇ ਕੇ

ਆਪਣੀ ਉਮੱਤ ਲਈ ਇਕੱ ਹੋਰ ਰਾਹ ਖੋਲ੍ਹੀ। ਉਸਮਾਨ ਬਿਨ ਮਜ਼ਊਨ ਰਜ਼ੀ ਅੱਲਾਹ ਅੰਨਹੋ ਦੇ ਆਕਾਲ ਚਲਾਣੇ ਦਾ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਬਹੁਤ ਦੁਖੱ ਹੋਇਆ ਅਤੇ ਸਾਖੀ ਬਿਆਨ ਕੀਤੀ ਜਾਂਦੀ ਹੈ ਕਿ ਆਕਾਲ ਚਲਾਣੇ ਦੇ ਬਾਦ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਉਹਨਾਂ ਦੇ ਮੱਥੇ ਨੂੰ ਚੁੰਮਿਆ ਅਤੇ ਉਸ ਸਮੇਂ ਆਪ ਦੀਆਂ ਅੱਖਾਂ ਗਿੱਲੀਆਂ ਸਨ। ਉਸਮਾਨ ਬਿਨ ਮਜ਼ਊਨ ਰਜ਼ੀ ਅੱਲਾਹ ਅੰਨਹੋ ਦੇ ਆਕਾਲ ਚਲਾਣੇ ਦਾ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਬਹੁਤ ਦੁਖੱ ਹੋਇਆ ਅਤੇ ਸਾਖੀ ਅਨੁਸਾਰ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਉਹਨਾਂ ਨੂੰ ਚੁੰਮਿਆ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਹੁਣ ਮੈਂ ਗ਼ਜ਼ਵਾਹ ਬਨੀ ਗ਼ਤਫ਼ਾਨ ਦਾ ਜ਼ਿਕਰ ਕਰਦਾ ਹਾਂ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਇਹ ਖ਼ਬਰ ਮਿਲੀ ਕਿ ਗ਼ਤਫ਼ਾਨ ਦੀ ਸ਼ਾਖ਼ ਬਨੀ ਸਾਲਬਾਅ ਅਤੇ ਬਨੂ ਮਹਾਰਿਬ ਮੁਸਲਮਾਨਾਂ ਦੇ ਖ਼ਿਲਾਫ਼ ਇਕੱ ਥਾਂ ਉੱਤੇ ਜਮਾਂ ਹੋ ਰਹੇ ਹਨ। ਇਹ ਖ਼ਬਰ ਮਿਲਣ ਉੱਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ 450 ਸਹਾਬੀਆਂ ਨਾਲ ਨਿਕਲੇ। ਮਹੀਨਾ ਰਬੀ-ਉਲੱ-ਅਵੱਲ ਤਿੰਨ ਹਿਜਰੀ ਵਿਚੱ ਇਹ ਗ਼ਜ਼ਵਾਹ ਪੈਸ਼ ਆਇਆ। ਮੁਸ਼ਰਿਕਾਂ ਦੀ ਜੱਥਾ ਬੰਦੀ ਦੇ ਖ਼ਿਲਾਫ਼ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨਿਕਲੇ ਤਾਂ ਰਾਹ ਵਿਚੱ ਬਨੂ ਗ਼ਤਫ਼ਾਨ ਦਾ ਇਕੱ ਵਿਅਕਤੀ ਮਿਲਿਆ। ਜਿਸ ਨੂੰ ਸਹਾਬੀਆਂ ਨੇ ਫੜ੍ਹ ਕੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਸਾਮ੍ਹਣੇ ਪੈਸ਼ ਕੀਤਾ। ਉਸ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਆਪਣੇ ਕਬੀਲੇ ਦੀਆਂ ਸਾਜ਼ਸ਼ਾਂ ਅਤੇ ਹਰਕਤਾਂ ਬਾਰੇ ਦਸਿੱਆ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਉਸ ਨੂੰ ਇਸਲਾਮ ਦਾ ਸੱਦਾ ਦਿੱਤਾ ਤਾਂ ਉਸ ਨੇ ਇਸਲਾਮ ਕਬੂਲ ਕਰ ਲਿਆ। ਉਸ ਨੇ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਕਿਹਾ ਕਿ ਉਸ ਦੀ ਕੌਮ ਨੂੰ ਜਦੱ ਇਹ ਖ਼ਬਰ ਹੋਵੇਗੀ ਕਿ ਆਪ ਸਲੱਲਾਹੋ ਅਲੈਹਿ ਵਸਲੱਮ ਅਤੇ ਮੁਸਲਮਾਨਾਂ ਦਾ ਲਸ਼ਕਰ ਉਹਨਾਂ ਵਲ੍ਹੱ ਆ ਰਿਹਾ ਹੈ ਤਾਂ ਉਹ ਕਦੇ ਵੀ ਆਪ ਦਾ ਮੁਕਾਬਲਾ ਨਹੀਂ ਕਰਨਗੇ। ਸਗੋਂ ਆਲੇ ਦੁਆਲੇ ਦੇ ਪਹਾੜ੍ਹਾਂ ਉੱਤੇ ਚੜ੍ਹ ਜਾਣਗੇ। ਸੋ, ਜਦੱ ਮੁਸਲਮਾਨ ਉਹਨਾਂ ਵਲ੍ਹੱ ਵਧੇ ਤਾਂ ਸੱਚੋ ਸੱਚੀ ਉਹਨਾਂ ਨੇ ਮੁਕਾਬਲਾ ਨ ਕੀਤਾ। ਸਗੋਂ ਆਲੇ ਦੁਆਲੇ ਦੇ ਪਹਾੜ੍ਹਾ ਉੱਤੇ ਚੜ੍ਹ ਗਏ। ਇਸੇ ਮੌਕੇ ਉੱਤੇ ਉਹ ਕਿੱਸਾ ਪੈਸ਼ ਆਇਆ ਕਿ ਜਦੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਇਕੱ ਰੁਖੱ ਦੇ ਹੇਠਾਂ ਲੰਮੇ ਪਏ ਸਨ ਅਤੇ ਸਹਾਬੀ ਆਪਣੇ ਕੰਮਾਂ ਵਿਚੱ ਵਿਅਸਥ ਸਨ ਤਾਂ ਇਕੱ ਵਿਅਕਤੀ ਨੇ ਆਪ ਸਲੱਲਾਹੋ ਅਲੈਹਿ ਵਸਲੱਮ ਉੱਤੇ ਤਲਵਾਰ ਸੌਂਤ ਲਈ ਸੀ। ਇਸ ਵਿਅਕਤੀ ਨੇ ਪੁਛਿੱਆ ਕਿ ਹੇ ਮੁਹਮਦ ! ਹੁਣ ਤੈਨੂੰ ਮੈਥੋਂ ਕੋਣ ਬਚਾਵੇਗਾ ? ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਰਬੱ। ਤਾਂ ਉਸ ਦੇ ਹੱਥੋਂ ਤਲਵਾਰ ਡਿਗੱ ਗਈ।

ਇਸ ਗ਼ਜ਼ਵਾਹ ਦੇ ਕਿਸਿੱਆਂ ਵਿਚੱ ਇਕੱ ਕਿੱਸਾ ਹਜ਼ਰਤ ਰੁਕਈਆ ਰਜ਼ੀ ਅੱਲਾਹ ਅੰਨਹਾ ਦੇ ਆਕਾਲ ਚਲਾਣੇ ਅਤੇ ਹਜ਼ਰਤ ਉੱਮੇ ਕਲਸੂਮ ਰਜ਼ੀ ਅੱਲਾਹ ਅੰਨਹਾ ਦੇ ਵਿਆਹ ਦਾ ਵੀ ਹੈ। ਸਾਖੀ ਅਨੁਸਾਰ ਜਦੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਬਦਰ ਲਈ ਗਏ ਤਾਂ ਹਜ਼ਰਤ ਰੁਕਈਆ ਰਜ਼ੀ ਅੱਲਾਹ ਅੰਨਹਾ ਬਿਮਾਰ ਸਨ। ਸੋ, ਆਪ ਸਲੱਲਾਹੋ ਅਲੈਹਿ ਵਸਲੱਮ ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੋ ਨੂੰ ਮਿਲੇ ਤਾਂ ਉਹਨਾਂ ਨੂੰ ਫ਼ਰਮਾਇਆ ਕਿ ਰਬੱ ਨੇ ਉੱਮੇ ਕਲਸੂਮ ਰਜ਼ੀ ਅੱਲਾਹ ਅੰਨਹਾ ਦਾ ਨਿਕਾਹ ਰੁਕਈਆ ਜਿੰਨੇ ਹਕੱ ਮਿਹਰ ਉੱਤੇ ਅਤੇ ਉਸ ਨਾਲ ਚੰਗੇ ਵਤੀਰੇ ਉੱਤੇ ਕਰ ਦਿੱਤਾ। ਵਿਆਹ ਦੇ ਤਿੰਨ ਦਿਨ ਬਾਦ ਆਂਹਜ਼ਰਤ ਸਲੱਲਾਹੋ ਅਲੈਹਿ

ਵਸਲੱਮ ਉੱਮੇ ਕਲਸੂਮ ਰਜ਼ੀ ਅੱਲਾਹ ਅੰਨਹਾ ਕੋਲ੍ਹ ਆਏ ਅਤੇ ਪੁਛਿੱਆ ਕਿ ਹੇ ਮੇਰੀ ਪਿਆਰੀ ਬੇਟੀ ! ਤੂੰ ਆਪਣੇ ਪਤੀ ਨੂੰ ਕਿਹੋ ਜਿਹਾ ਪਾਇਆ ? ਉਸ ਉੱਤੇ ਉੱਮੇ ਕਲਸੂਮ ਰਜ਼ੀ ਅੱਲਾਹ ਅੰਨਹਾ ਨੇ ਕਿਹਾ ਕਿ ਉਸਮਾਨ ਰਜ਼ੀ ਅੱਲਾਹ ਅੰਨਹੋ ਸਰਵੋਤਮ ਪਤੀ ਹਨ। ਹਜ਼ਰਤ ਉੱਮੇ ਕਲਸੂਮ ਨੌ ਹਿਜਰੀ ਵਿਚੱ ਬਿਮਾਰ ਹੋ ਕੇ ਆਕਾਲ ਚਲਾਣਾ ਕਰ ਗਈ ਸਨ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਉੱਮੇ ਕਲਸੂਮ ਰਜ਼ੀ ਅੱਲਾਹ ਅੰਨਹਾ ਦੇ ਆਕਾਲ ਚਲਾਣੇ ਉੱਤੇ ਫ਼ਰਮਾਇਆ ਕਿ ਜੇਕਰ ਮੇਰੀ ਤੀਜੀ ਬੇਟੀ ਹੁੰਦੀ ਤਾਂ ਮੈਂ ਉਸ ਦਾ ਵਿਆਹ ਵੀ ਉਸਮਾਨ ਨਾਲ ਕਰਵਾ ਦਿੰਦਾ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ, ਹਜ਼ਰਤ ਉੱਮੇ ਕਲਸੂਮ ਰਜ਼ੀ ਅੱਲਾਹ ਅੰਨਹਾ ਦੀ ਸ਼ਾਦੀ ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਰੁਕਈਆ ਪੁਤਰੀ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਪਤਨੀ ਹਜ਼ਰਤ ਉਸਮਾਨ ਬਿਨ ਅਫ਼ਵਾਨ ਰਜ਼ੀ ਅੱਲਾਹ ਅੰਨਹੋ ਦੇ ਆਕਾਲ ਚਲਾਣੇ ਦੇ ਬਾਦ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਆਪਣੀ ਦੂਜੀ ਕੁੜ੍ਹੀ ਦਾ ਵਿਆਹ, ਜੋ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਤੋਂ ਵੱਡੀ ਪਰ ਰੁਕੱਯਾ ਰਜ਼ੀ ਅੱਲਾਹ ਅੰਨਹਾ ਤੋਂ ਛੋਟੀ ਸਨ, ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੋ ਨਾਲ ਕਰ ਦਿੱਤਾ। ਇਸੇ ਕਰਕੇ ਹਜ਼ਰਤ ਉਸਮਾਨ ਨੂੰ ਜ਼ੁਨੂੱਰੈਨ, ਦੋ ਨੂਰਾਂ ਵਾਲਾ ਕਹਿੰਦੇ ਹਨ। ਹਜ਼ਰਤ ਉੱਮੇ ਕਲਸੂਮ ਰਜ਼ੀ ਅੱਲਾਹ ਅੰਨਹਾ ਦਾ ਨਿਕਾਹ ਰਬੀ-ਉਲੱ-ਅਵੱਲ ਤਿੰਨ ਹਿਜਰੀ ਵਿਚੱ ਹੋਇਆ ਸੀ। ਇਹ ਹਜ਼ਰਤ ਉੱਮੇ ਕਲਸੂਮ ਰਜ਼ੀ ਅੱਲਾਹ ਅੰਨਹਾ ਦਾ ਦੂਜਾ ਵਿਆਹ ਸੀ। ਇਸ ਤੋਂ ਪਹਿਲਾਂ ਹਜ਼ਰਤ ਰੁਕੱਯਾ ਅਤੇ ਹਜ਼ਰਤ ਉੱਮੇ ਕਲਸੂਮ ਰਜ਼ੀ ਅੱਲਾਹ ਅੰਹੁਮਾ ਦੇ ਨਿਕਾਹ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੇ ਚਾਚਾ ਅਬੂ ਲਹਬ ਦੇ ਦੋ ਪੁਤੱਰਾਂ ਨਾਲ ਹੋਏ ਸਨ। ਪਰ ਵਿਦਾਈ ਤੋਂ ਪਹਿਲਾਂ ਧਾਰਮਿਕ ਵਿਰੋਧਤਾ ਕਰਕੇ ਇਹ ਨਿਕਾਹ ਖ਼ਤਮ ਹੋ ਗਏ ਸਨ

ਇਸ ਸਮੇਂ ਦੇ ਕਿਸਿੱਆਂ ਵਿਚੱ ਗ਼ਜ਼ਵਾਹ ਬਨੂ ਸੂਲੈਮ ਵੀ ਦਰਜ ਹੈ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਖ਼ਬਰ ਮਿਲੀ ਕਿ ਬਨੂ ਸੂਲੈਮ ਦੀ ਵੱਡੀ ਗਿਣਤੀ ਮੁਸਲਮਾਨਾਂ ਦੇ ਖ਼ਿਲਾਫ਼ ਜਮਾਂ ਹੈ। ਇਸ ਉੱਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਮਦੀਨਾ ਵਿਚੱ ਅਬਦੁੱਲਾਹ ਬਿਨ ਉੱਮੇ ਮਕਤੂਮ ਰਜ਼ੀ ਅੱਲਾਹ ਅੰਨਹੋ ਨੂੰ ਆਪਣਾ ਉਪੱ ਤੈਨਾਤ ਕਰਕੇ ਤਿੰਨ ਸੌ ਸਹਾਬੀਆਂ ਨਾਲ 06 ਜਮਾਦੀ-ਉਲੱ-ਊਲਾ ਨੂੰ ਨਿਕਲੇ। ਇਕੱ ਹੋਰ ਸਾਖੀ ਅਨੁਸਾਰ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਨੂੰ ਆਪਣਾ ਉਪੱ ਤੈਨਾਤ ਫ਼ਰਮਾਇਆ ਸੀ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਰਾਹ ਵਿਚੱ ਬਨੂ ਸੂਲੈਮ ਦਾ ਇਕੱ ਆਦਮੀ ਮਿਲਿਆ ਜਿਸ ਨੇ ਦਸਿੱਆ ਕਿ ਬਨੂ ਸੂਲੈਮ ਨਠੱ ਗਏ ਹਨ। ਪਤਾ ਕਰਨ ਉੱਤੇ ਉਸ ਵਿਅਕਤੀ ਦੀ ਖ਼ਬਰ ਠੀਕ ਸਾਬਤ ਹੋਈ। ਸੋ, ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਪਰਤ ਗਏ ਅਤੇ ਜੰਗ ਦੀ ਸ਼ਕਲ ਪੈਦਾ ਨ ਹੋਈ।

ਇਕੱ ਸਰਯਾ ਜ਼ੈਦ ਬਿਨ ਹਾਰਸ ਹੈ। ਇਸ ਦੀ ਵਿਸਥਾਰ ਸੰਬੰਧੀ ਜ਼ਿਕਰ ਮਿਲਦਾ ਹੈ ਕਿ ਇਕੱ ਦਿਨ ਸਫ਼ਵਾਨ ਬਿਨ ਉਮੱਯਾ ਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਮੁਸਲਮਾਨਾਂ ਨੇ ਸਾਡਾ ਵਿਉਪਾਰੀ ਕੇਂਦਰ ਸ਼ਾਮ ਤਕੱ ਜਾਣਾ ਬੰਦ ਕਰ ਦਿੱਤਾ ਹੈ। ਇਕੱ ਵਿਅਕਤੀ ਨੇ ਸਲਾਹ ਦਿੱਤੀ ਕਿ ਸਮੁੰਦਰ ਦਾ ਰਾਹ ਛਡੱ ਕੇ ਇਰਾਕ ਵੱਲੋਂ ਸ਼ਾਮ ਜਾ ਸਕਦੇ ਹਾਂ। ਸੋ, ਰਾਹ ਨੂੰ ਜਾਣਨ ਵਾਲੇ ਇਕੱ ਵਿਅਕਤੀ ਦੀ ਮਦਦ ਨਾਲ ਸਫ਼ਵਾਨ ਬਿਨ ਉਮੱਯਾ ਨੇ ਤੁਰਨ ਦਾ ਫ਼ੈਸਲਾ ਕੀਤਾ ਅਤੇ ਕਾਫ਼ਲੇ ਨੇ ਤਿਆਰੀ ਸ਼ੁਰੂ ਕਰ ਦਿੱਤੀ। ਇਹ ਸਰਯਾ ਜਮਾਦੀ-ਉਲੱ-ਆਖ਼ਿਰ ਤਿੰਨ

ਹਿਜਰੀ ਵਿਚੱ ਪੈਸ਼ ਆਇਆ। ਕਾਫ਼ਲੇ ਵਾਲਿਆਂ ਦੀ ਪੂਰੀ ਕੋਸ਼ਿਸ਼ ਸੀ ਕਿ ਇਹ ਖ਼ਬਰ ਮਦੀਨਾ ਨ ਪਹੁੰਚੇ। ਪਰ ਰਬੱ ਨੂੰ ਕੁਝੱ ਹੋਰ ਹੀ ਮਨਜ਼ੂਰ ਸੀ। ਸੋ, ਇਹ ਖ਼ਬਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਤਕੱ ਪਹੁੰਚ ਗਈ ਆਪ ਸਲੱਲਾਹੋ ਅਲੈਹਿ ਵਸਲੱਮ ਨੇ 100 ਘੁੜ੍ਹ ਸਵਾਰਾਂ ਨੂੰ ਹਜ਼ਰਤ ਜ਼ੈਦ ਬਿਨ ਹਾਰਸ ਰਜ਼ੀ ਅੱਲਾਹ ਅੰਨਹੋ ਦੀ ਸਰਦਾਰੀ ਵਿਚੱ ਭੇਜਿਆ। ਇਹ ਹਜ਼ਰਤ ਜ਼ੈਦ ਰਜ਼ੀ ਅੱਲਾਹ ਅੰਨਹੋ ਦਾ ਪਹਿਲਾ ਸਰਯਾ ਸੀ। ਜਿਸ ਵਿਚੱ ਆਪ ਸਲੱਲਾਹੋ ਅਲੈਹਿ ਵਸਲੱਮ ਅਮੀਰ ਵੱਜੋਂ ਸ਼ਾਮਿਲ ਹੋਏ ਅਤੇ ਕਾਮਯਾਬ ਵਾਪਸ ਆਏ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਹਨਾਂ ਵਿਉਪਾਰੀ ਕਾਫ਼ਲੀਆਂ ਨੂੰ ਇਸ ਲਈ ਰੋਕਾ ਜਾਂਦਾ ਸੀ ਕਿਉਂਕਿ ਇਹਨਾਂ ਕਾਫ਼ਲੀਆਂ ਤੋਂ ਹੋਣ ਵਾਲਾ ਲਾਭ ਫ਼ਿਰ ਮੁਸਲਮਾਨਾਂ ਦੇ ਖ਼ਿਲਾਫ਼ ਵਰਤਿਆ ਜਾਂਦਾ ਸੀ। ਇਹਨਾਂ ਕਾਫ਼ਲਿਆਂ ਨੂੰ ਰੋਕਣਾ ਉਸ ਸਮੇਂ ਅਜਿਹਾ ਹੀ ਸੀ ਜਿਵੇਂ ਅਜੱ ਕਲੱ ਵੱਖੋ ਵਖੱ ਦੇਸ਼ਾਂ ਉੱਤੇ ਆਰਥਿਕ ਰੋਕਾਂ ਲਾਈਆਂ ਜਾ ਰਹੀਆਂ ਹਨ। ਅਜੱ ਕਲ੍ਹੱ ਤਾਂ ਇਹ ਦੇਸ਼ ਕਈ ਵਾਰ ਵਧੀਕੀ ਕਰਦੇ ਹੋਏ ਵੀ ਰੋਕਾਂ ਲਾਉਂਦੇ ਹਨ। ਉਹਨਾਂ ਨੇ ਇਸਲਾਮ ਉੱਤੇ ਕੀ ਆਰੋਪ ਲਾਉਣਾ ਹੈ।

ਖ਼ੁਤਬੇ ਦੇ ਦੂਜੇ ਭਾਗ ਵਿਚੱ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਸ ਸਮੇਂ ਮੈਂ ਫ਼ਲਸਤੀਨ ਲਈ ਮੁੜ੍ਹ ਦੁਆ ਲਈ ਕਹਿਣਾ ਚਾਹੁੰਣਾ। ਹੁਣ ਘੱਟੋ ਘਟੱ ਇਹਨਾਂ ਹੋਇਆ ਹੈ ਕਿ ਕੁਝੱ ਲੋਕ ਨੇ ਡਰਦੇ ਡਰਦੇ ਹੀ ਸਹੀ ਪਰ ਇਹਨਾਂ ਜ਼ੁਲਮਾਂ ਦੇ ਖ਼ਿਲਾਫ਼ ਬੋਲਣਾ ਸ਼ੁਰੂ ਕਰ ਦਿੱਤਾ ਹੈ। ਸਗੋਂ ਹੁਣ ਤਾਂ ਕੁਝੱ ਯਹੂਦੀਆਂ ਨੇ ਵੀ ਇਸ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਚੁੱਕੀ ਹੈ ਅਤੇ ਆਪਣੀ ਸਰਕਾਰ ਨੂੰ ਕਿਹਾ ਹੈ ਕਿ ਕਿਉਂ ਸਾਨੂੰ ਬਦਨਾਮ ਕਰਦੇ ਹੋ। ਸੋ, ਨਿਕਿੱਆਂ ਨਿਕਿੱਆਂ ਆਵਾਜ਼ਾਂ ਗ਼ੈਰਾਂ ਵਿੱਚੋਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਹੁਣ ਕਹਿੰਦੇ ਹਨ ਕਿ ਪ੍ਰਤੀ ਦਿਨ ਚਾਰ ਘੰਟਿਆਂ ਲਈ ਜੰਗ ਬੰਦ ਕੀਤੀ ਜਾਵੇਗੀ ਤਾਂ ਕਿ ਫ਼ਲਸਤੀਨੀਆਂ ਤਕੱ ਮਦਦ ਪਹੁੰਚ ਸਕੇ। ਰਬੱ ਹੀ ਜਾਣਦਾ ਹੈ ਕਿ ਇਸ ਉੱਤੇ ਕਿੰਨ੍ਹਾਂ ਅਮਲ ਹੋਵੇਗਾ ਅਤੇ ਬਾਕੀ ਵੀਹ ਘੰਟਿਆਂ ਵਿਚੱ ਉਹਨਾਂ ਨੇ ਕਿੰਨ੍ਹੀ ਤਬਾਹੀ ਕਰਨੀ ਹੈ। ਆਮ ਤੌਰ ਉੱਤੇ ਵੱਡੀ ਸਰਕਾਰਾਂ ਅਤੇ ਰਾਜਨੀਤੀ ਕਰਨ ਵਾਲੇ ਵੀ ਫ਼ਲਸਤੀਨ ਦੇ ਨੁਕਸਾਨ ਨੂੰ ਕੋਈ ਮਹਤੱਤਾ ਨਹੀਂ ਦੇ ਰਹੇ। ਉਹਨਾਂ ਦੇ ਆਪਣੇ ਲਾਭ ਹਨ। ਉਹਨਾਂ ਨੂੰ ਯਾਦ ਰਖੱਣਾ ਚਾਹੀਦਾ ਹੈ ਕਿ ਰਬੱ ਇਕੱ ਸਮੇਂ ਤਕੱ ਢਿਲੱ ਦਿੰਦਾ ਹੈ। ਫ਼ਿਰ ਇਹ ਸੰਸਾਰ ਹੀ ਨਹੀਂ। ਸਗੋਂ ਅਗੱਲਾ ਸੰਸਾਰ ਵੀ ਹੈ। ਇਸ ਸੰਸਾਰ ਵਿਚੱ ਵੀ ਪਕੜ੍ਹ ਹੋ ਸਕਦੀ ਹੈ ਅਤੇ ਅਗੱਲੇ ਸੰਸਾਰ ਵਿਚੱ ਵੀ ਜ਼ਰੂਰ ਪਕੜ੍ਹ ਹੋਵੇਗੀ। ਸੋ, ਸਾਨੂੰ ਮਜ਼ਲੂਮ ਫ਼ਲਸਤੀਨੀਆਂ ਲਈ ਬਹੁਤ ਦੁਆ ਕਰਨੀ ਚਾਹੀਦੀ ਹੈ। ਰਬੱ ਉਹਨਾਂ ਨੂੰ ਇਹਨਾਂ ਜ਼ੁਲਮਾਂ ਤੋਂ ਬਚਾਏ। ਆਮੀਨ

ਖ਼ੁਤਬੇ ਦੇ ਅੰਤ ਵਿਚੱ ਹਜ਼ੂਰੇ ਅਨਵਰ ਨੇ ਹੇਠ ਦਿੱਤੇ ਦੋ ਲੋਕਾਂ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ :

01 ਸ਼੍ਰੀਮਤੀ ਮਨਸੂਰਾ ਬਾਸਮਾ ਸਾਹਿਬਾ ਪਤਨੀ ਸ਼੍ਰੀਮਾਨ ਹਮੀਦੁਰੱਹਿਮਾਨ ਖ਼ਾਨ ਸਾਹਿਬ।

02 ਚੌਧਰੀ ਰਸ਼ੀਦ ਅਹਮਦ ਸਾਹਿਬ ਪੂਰਵ ਰਜਿਸਟਰਾਰ ਜ਼ਰਈ ਯੂਨਿਵਰਸਟੀ ਫ਼ੈਸਲਾਬਾਦ।

اَلْحَمْدُلِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ
یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔